ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ 6 ਸਾਖਾ)
ਨੋਟੀਫਿਕੇਸ਼ਨ

ਨੰ: 10/66/09-3ਸਿ6/ 868731    ਮਿਤੀ 21 ਅਗਸਤ 2013

ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਡਰੱਗ ਐਂਡ ਕਾਸਮੈਟਿਕਸ ਰੂਲਜ 1945 ਅਧੀਨ ਰਿਟੇਲ ਸੇਲ, ਰਿਸਟਰੀਕਟਿਡ ਡਰਗਜ ਸੇਲਜ ਲਾਇਸੰਸ ਜਾਰੀ ਕਰਨ ਅਤੇ ਨਵੀਨੀਕਰਨ ਲਈ ਰਾਜ ਵਿੱਚ ਹੇਠ ਲਿਖੇ 10 ਜ਼ੋਨ ਸਥਾਪਤ ਕਰਦੇ ਹਨ, ਜਿਹਨਾਂ ਦਾ ਸਦਰ ਮੁਕਾਮ ਸਬੰਧਤ ਸਿਵਲ ਸਰਜਨ ਦਫਤਰ ਵਿਚ ਹੋਵੇਗਾ ਅਤੇ ਜ਼ੋਨਲ ਲਾਇੰਸੈਂਸਿੰਗ ਅਥਾਰਟੀ (ਡਰਗਜ) ਇਹਨਾਂ ਦੇ ਇੰਚਾਰਜ ਹੋਣਗੇ :-

| ਲੜੀ ਨੰ: | ਹੈਡ ਕੁਆਰਟਰ | ਜਿਹੜੇ ਜਿਲੇ ਅਧਿਕਾਰ ਖੇਤਰ ਵਿੱਚ ਹੋਣਗੇ |
|---|---|---|
| 1. | ਅਮ੍ਰਿਤਸਰ | ਅਮ੍ਰਿਤਸਰ ਅਤੇ ਤਰਨਤਾਰਨ |
| 2. | ਅਜੀਤ ਗੜ (ਮੋਹਾਲੀ) | ਅਜੀਤ ਗੜ (ਮੋਹਾਲੀ ਅਤੇ ਰੂਪ ਨਗਰ |
| 3. | ਜਲੰਧਰ | ਜਲੰਧਰ ਅਤੇ ਕਪੂਰਥਲਾ |
| 4. | ਲੁਧਿਆਣਾ | ਲੁਧਿਆਣਾ |
| 5. | ਬਠਿੰਡਾ | ਬਠਿੰਡਾ, ਮੁਕਤਸਰ ਅਤੇ ਫਰੀਦਕੋਟ |
| 6. | ਪਟਿਆਲਾ | ਪਟਿਆਲਾ ਅਤੇ ਫਤਿਹਗੜ ਸਾਹਿਬ |
| 7. | ਸੰਗਰੂਰ | ਸੰਗਰੂਰ, ਬਰਨਾਲਾ ਅਤੇ ਮਾਨਸਾ |
| 8. | ਹੁਸਿਆਰਪੁਰ | ਹੁਸਿਆਰਪੁਰ ਅਤੇ ਸਹੀਦ ਭਗਤ ਸਿੰਘ ਨਗਰ (ਨਵਾਂ ਸਹਿਰ) |
| 9. | ਫਿਰੋਜਪੁਰ | ਫਿਰੋਜਪੁਰ, ਫਾਜਿਲਕਾ ਅਤੇ ਮੋਗਾ |
| 10. | ਗੁਰਦਾਸਪੁਰ | ਗੁਰਦਾਸਪੁਰ ਅਤੇ ਪਠਾਣਕੋਟ |

2. ਉਕਤ ਜੋਨਾਂ ਦਾ ਕੰਮ ਨਿਪਟਾਉਂਣ ਲਈ ਡਰਗਜ ਐਂਡ ਕਾਸਮੈਟਿਕ ਰੂਲਜ਼ 1945 ਦੇ ਪਾਰਟ VI & VIA ਦੇ ਕ੍ਰਮਵਾਰ ਰੂਲ 59 (1) ਅਤੇ ਰੂਲ 67-ਏ ਅਤੇ ਹੋਰ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ, ਹੇਠ ਲਿਖੇ ਡਰਗ ਇੰਸਪੈਕਟਰਾਂ ਨੂੰ ਰਾਜ ਵਿੱਚ ਰਿਟੇਲ ਸੇਲ ਅਤੇ ਰਿਸਟਰੀਕਟਿਡ ਡਰਗਜ ਸੇਲਜ਼ ਦੇ ਲਾਇਸੰਸ ਜਾਰੀ ਕਰਨ, ਨਵੀਨੀ ਕਰਨ ਆਦਿ ਦਾ ਅਧਿਕਾਰ ਦਿੰਦੇ ਹੋਏ, ਸਮੂਹ ਰਾਜ ਲਈ ਜੋਨਲ ਲਾਇਸੈਂਸਿੰਗ ਅਥਾਰਟੀ (ਡਰਗਜ) ਘੋਸਿਤ ਕੀਤਾ ਜਾਂਦਾ ਹੈ:-

| ਲੜੀ ਨੰ: | ਸੀ. ਡਰਗ ਇੰਸਪੈਕਟਰ ਦਾ ਨਾਂ |
|---|---|
| 1. | ਸ੍ਰੀ ਕੁਲਵਿੰਦਰ ਸਿੰਘ |
| 2. | ਸ੍ਰੀ ਕਰੁਨ ਸਚਦੇਵ |
| 3. | ਮਿਸ ਨੇਹਾ ਸ਼ੋਰੀ |
| 4. | ਸ੍ਰੀਮਤੀ ਨਵਜੋਤ ਕੌਰ |
| 5. | ਸ੍ਰੀ ਲਖਵੰਤ ਸਿੰਘ |

ਇਹ ਹੁਕਮ ਹੇਠ ਲਿਖੀਆਂ ਸਰਤਾਂ ਅਨੁਸਾਰ ਤੁਰੰਤ ਲਾਗੂ ਹੋਣਗੇ :-

1. ਸਬੰਧਤ ਡਰਗ ਇੰਸਪੈਕਟਰ ਆਪਣੇ ਮੌਜੂਤ ਤਨਖਾਹ ਸਕੇਲ ਵਿੱਚ ਹੀ ਬਤੌਰ ਜੋਨਲ ਲਾਇਸੰਸਿੰਗ ਅਥਾਰਟੀ (ਡਰਗਜ) ਕੰਮ ਕਰਦੇ ਰਹਿਣਗੇ ਅਤੇ ਕੋਈ ਵਾਧੂ ਤਨਖਾਹ/ਭੱਤੇ ਆਦਿ ਕਲੇਮ ਨਹੀਂ ਕਰਨਗੇ, ਅਤੇ ਨਾ ਹੀ ਇਸ ਦਾ ਉਹਨਾਂ ਦੀ ਸੀਨੀਆਰਤਾ ਤੇ ਕੋਈ ਅਸਰ ਹੋਵੇਗਾ।

ਪੰਨਾ ----

2. ਇਹਨਾਂ ਦਾ ਬਤੌਰ ਡਰਗਜ ਇੰਸਪੈਕਟਰ ਸਦਰ ਮੁਕਾਮ ਇਹਨਾਂ ਦੀ ਪੋਸਟਿੰਗ ਦੇ ਅਧਾਰ ਤੇ ਹੀ ਰਹੇਗਾ ਅਤੇ ਸਮੇਂ ਸਮੇਂ ਉਹਨਾਂ ਦੇ ਵੱਖ ਵੱਖ ਜੋਨਾਂ ਦਾ ਇੰਚਾਰਜ ਬਣਾਇਆ ਜਾ ਸਕੇਗਾ।

3. ਸਬੰਧਤ ਲਾਇਸੰਸਾ ਦਾ ਹਿਸਾਬ-ਕਿਤਾਬ ਸਬੰਧੀ ਜਿਲਿਆਂ ਵਿੱਚ ਬਰਕਰਾਰ ਰਹੇਗਾ ਅਤੇ ਜੋਨਲ ਹੈਡ ਕੁਆਰਟਰ ਤੇ ਵਖਰਾ ਰਿਕਾਰਡ ਰਖਿਆ ਜਾਵੇਗਾ, ਜਿਹੜਾ ਜੋਨਲ ਦਫਤਰ ਦੇ ਕਰਮਚਾਰੀ ਮੈਨਟੇਨ ਕਰਨਗੇ।

4. ਡਰਗਜ ਇਸੰਪੈਕਟਰਾਂ ਦੀ ਜਿਸ ਜਿਲੇ/ਏਰੀਏ ਵਿਚ ਪੋਸਟਿੰਗ ਹੋਵੇਗੀ, ਉਸ ਜਿਲੇ ਦੇ ਲਾਇਸੰਸਿੰਗ ਅਥਾਰਟੀ ਵਜੋਂ ਲਾਇਸੰਸਾਂ ਸਬੰਧੀ ਉਹ ਉਕਤ ਅਧਿਕਾਰ ਦੀ ਵਰਤੋਂ ਨਹੀਂ ਕਰ ਸਕਣਗੇ ਅਤੇ ਉਹਨਾ ਦੇ ਆਪਣੇ ਜਿਲੇ/ਏਰੀਏ ਦੇ ਸਬੰਧਤ ਕੇਸ ਕਮਿਸਨਰ ਫੂਡ ਐਂਡ ਡਰਗਜ ਐਡਮਿਨਿਸਟ੍ਰੇਸਨ ਪੰਜਾਬ ਵਲੋਂ ਨਿਸਚਿਤ ਜੋਨਲ ਲਾਇਸੰਸਿੰਗ ਵਲੋਂ. ਨਿਪਟਾਏ ਜਾਇਆ ਕਰਨਗੇ।

5. ਇਹਨਾਂ ਨਿਯਮਾਂ ਅਧੀਨ ਬਾਕੀ ਸਾਰੇ ਕੇਸ ਸਬੰਧਤ ਡਰਗਜ ਇੰਸਪੈਕਟਰ ਰਾਹੀਂ ਸਟੇਟ ਸਦਰ-ਮੁਕਾਮ ਤੇ ਸਮਰੱਥ ਅਧਿਕਾਰੀਆਂ ਕੋਲ ਆਉਂਦੇ ਰਹਿਣਗੇ ।

6. ਇਹਨਾਂ ਡਰਗਜ ਇੰਸਪੈਕਟਰਾਂ ਨੂੰ ਆਪਣੇ ਜੋਨ ਵਿੱਚ ਕੇਵਲ ਹੇਠ ਲਿਖੇ ਅਧਿਕਾਰੀ ਹੋਣਗੇ:-

ੳ) ਰਿਟੇਲ ਸੇਲ ਅਤੇ ਰਿਸਟਰੀਕਟਿਡ ਡਰਗਜ ਸੇਲਜ ਲਾਇਸੰਸਾਂ ਦਾ ਜਾਰੀ ਅਤੇ ਨਵੀਨੀ ਕਰਨ ਕਰਨਾ ।

ਅ) ਰਿਟੇਲ ਸੇਲ ਦੇ ਡਰਗ ਸੇਲਜ ਲਾਇਸੰਸ ਵਿੱਚ ਕੁਆਲੀਫਾਈਡ ਵਿਅਕਤੀ ਦੀ ਤਬਦੀਲੀ।

ੲ) ਹੋਮਿਓਪੈਥਿਕ ਡਰਗਜ ਸੇਲਜ ਲਾਇਸੰਸ ਵਿੱਚ ਕੰਪੀਟੈਂਟ ਵਿਅਕਤੀ ਦੀ ਤਬਦੀਲੀ।

ਸ) ਰਿਟੇਲ ਸੇਲ ਡਰਗਜ ਲਾਇਸੰਸ ਅਤੇ ਰਿਸਟਰੀਕਟਿਡ ਡਰਗਜ ਸੇਲਜ ਲਾਇਸੰਸ ਦੇ ਮੌਜੂਦਾ ਪ੍ਰਵਾਨਤ ਲਾਇਸੰਸ ਪਲਾਨ ਵਿੱਚ ਵਾਧੇ ਅਤੇ ਏਰੀਏ ਦੀ ਤਬਦੀਲੀ ਦੀ ਪ੍ਰਵਾਨਗੀ।

ਹ) ਰਿਟੇਲ ਸੇਲ ਲਾਇਸੰਸ ਅਤੇ ਰਿਸਟਰੀਕਟਿਡ ਡਰਗਜ ਸੇਲਜ ਵਿੱਚ ਉਲੰਘਣਾ ਕਰਕੇ ਨਿਯਮ 66(1) ਅਤੇ 67 ਐਫ ਅਧੀਨ ਕਾਰਵਾਈ ਕਰਨਾ।

ਵਿਨੀ ਮਹਾਜਨ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸਿਹਤ ਤੇ ਪਰਿਵਾਰ ਭਲਾਈ ਵਿਭਾਗ

ਪਿਠ ਅੰਕਣ ਨੰ: 10/66/09-3ਸਿ6/ 86873/2 ਮਿਤੀ 21 ਅਗਸਤ 2013

ਇਸ ਦਾ ਇਕ ਉਤਾਰਾ ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ, ਪੰਜਾਬ ਨੂੰ 2 ਤਸਦੀਕ ਸੁਦਾ ਕਾਪੀਆਂ ਭੇਜਦੇ ਹੋਏ, ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੂੰ ਅਗਲੇ ਛਪਣ ਵਾਲੇ ਸਧਾਰਨ ਗਜਟ ਵਿੱਚ ਛਪਵਾ ਕੇ 50 ਕਾਪੀਆਂ ਸਰਕਾਰ ਨੂੰ ਘੱਲਣ ਦੀ ਖੇਚਲ ਕੀਤੀ ਜਾਵੇ।

ਅਧੀਨ ਸਕੱਤਰ ਸਿਹਤ (ਕੇ)

ਪਿਠ ਅੰਕਣ ਨੰ: 10/66/09-3ਸਿ6/ 86873/1-7 ਮਿਤੀ 21 ਅਗਸਤ 2013

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਕਮਿਸਨਰ ਫੂਡ ਅਤੇ ਡਰਗਜ ਐਡਮਿਨਿਸਟਰੇਸਨ, ਪੰਜਾਬ
2. ਐਮ.ਡੀ., ਪੰਜਾਬ ਹੈਲਥ ਸਿਸਟਮ ਕਾਰਪੋਰੇਸਨ, ਮੋਹਾਲੀ ।
3. ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ, ਪੰਜਾਬ।
4. ਸਟੇਟ ਡਰਗ ਕੰਟਰੋਲਰ, ਪੰਜਾਬ।
5. ਸਮੂਹ ਸਹਾਇਕ ਡਰਗ ਕੰਟਰੋਲਰ, ਪੰਜਾਬ।
6. ਸਮੂਹ ਜਿਲਾ ਡਰਗਜ ਇੰਸਪੈਕਟਰ ਮਾਰਫਤ ਰਾਜ ਦੇ ਸਮੂਹ ਸਿਵਲ ਸਰਜਨ।

ਅਧੀਨ ਸਕੱਤਰ ਸਿਹਤ (ਕੇ)